ੴ ਸਤਿਗੁਰ ਪ੍ਰਸਾਦਿ ॥

# ਗੁਰਦਵਾਰਾ ਸੰਕਲਪ ਅਤੇ ਵਿਵਾਰਿਕਤਾ

## ਸਿੱਖ ਜਗਤ ਲਈ ਜਾਗਰਤੀ

### ਮੁੱਖ ਟੀਚਾ

ਸਿਰਫ ਸਿੱਖ ਸੰਗਤ ਨੂੰ ਦੇਸ਼ ਵਿੱਚ ਭਿੰਨ-ਭਿੰਨ ਗੁਰਦੁਆਰਾਂ ਦੇ ਵਿਸ਼ੇ 'ਚ ਵਰਗਿਕਰਣ ਅਤੇ 2 ਨੰਬਰ ਦੇ ਬਾਬੇਆਂ ਦੇ ਆਸ਼ਰਮਾਂ ਦਾ ਬੋੱਧ ਕਰਾਣਾਂ ਹੀ ਹੈ।

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ

Ph. : (0172-2696891), 09988160484

Download Free

## Gurudwara : Concept and Practices

# ਗੁਰਦਵਾਰਾ ਸੰਕਲਪ ਅਤੇ ਵਿਵਾਰਿਕਤਾ

ਪ੍ਰੋ. ਕੁਲਵੰਤ ਸਿੰਘ

### 1. ਸੰਕਲਪ/Concept

ਗੁਰਦਵਾਰਾ ਸਿੱਖ ਪੂਜਾ ਸਥਾਨ ਸਿੱਖ ਧਰਮ, ਸਿੱਖ ਜੀਵਨ ਤੇ ਜੀਵਨ ਪਧੱਤੀ, ਸਿੱਖੀ ਤੇ ਮੁਢੱਲੇ ਸਿੱਖ ਸੰਸਕਾਰਾਂ ਦੀ ਬੀਜ ਰੂਪੀ ਭੂਮੀ ਹੈ। ਗੁਰੂਦੁਆਰਾ ਸਿੱਖ ਮੂਲ ਮਾਨਤਾਵਾਂ, ਧਾਰਨਾਵਾਂ, ਸਿੱਖ ਆਸਥਾ, ਸਿੱਖ ਕਦਰਾਂ ਕੀਮਤਾਂ, ਸਿੱਖ ਧਾਰਮਿਕ ਤੇ ਸਮਾਜਿਕ ਰਹਿਣੀ-ਬਹਿਣੀ, ਸਿੱਖ ਦਾਰਸ਼ਨਿਕਤਾ, ਸਿੱਖ ਦ੍ਰਿਸ਼ਟੀਕੋਣ ਤੇ ਸਿੱਖ ਵਿਚਾਰਧਾਰਾ, ਦਾ ਪ੍ਰਤੱਖ ਦ੍ਰਿਸ਼ਟਮਾਨ ਪ੍ਰਤੀਕ ਤੇ ਕੇਂਦਰੀ ਬਿੰਦੂਹੈ। ਗੁਰਦੁਆਰਾ ਸੰਕਲਪ (Concept) ਤੇ ਇਸ ਸੰਕਲਪ ਦੇ ਦ੍ਰਿਸ਼ਟਮਾਨ (Visible) ਸਰੂਪ ਵਜੋਂ ਉਹ ਆਰੰਭਕ ਤੇ ਸਥਾਈ ਕੇਂਦਰ ਹੈ ਜਿਸ ਦੇ ਗਰਭਾ ਗ੍ਰਹਿ (Sanctum Santorium) ਵਿਚ ਪਾਵਨ ਆਦਿ ਸ੍ਰੀ ਗੁਰੂਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਤੇ ਜਿਥੇ ਹਰ ਰੋਜ਼ ਸਵੇਰੇ ਸੰਧਿਆ ਵੇਲੇ ਸਿੱਖ ਸੰਗਤ ਜੁੜਦੀ ਹੋਵੇ ਤੇ ਪ੍ਰਭੂਪ੍ਰਮੇਸ਼ਰ/ਵਾਹਿਗੁਰੂਦੀ ਕੀਰਤੀ, ਸਿਫਤ ਸਲਾਹ, ਗੁਰਬਾਣੀ ਕੀਰਤਨ ਤੇ ਉਪਾਸ਼ਨਾ ਕਰਦੀ ਹੋਵੇ ਤੇ ਜਿੱਥੇ ਸਿੱਖ ਗੁਰ ਸਾਹਿਬਾਨਾਂ ਰਾਹੀਂ ਦਿੱਤੇ ਉਪਦੇਸ਼ ਦਾ ਪ੍ਰਚਾਰ ਤੇ ਪ੍ਰਸਾਰ ਹੁੰਦਾ ਹੋਵੇ। ਗੁਰਦਵਾਰਾ ਆਪਣੀ ਵਿਲੱਖਣ ਭਵਨ ਕਲਾ ਦੀ ਇਮਾਰਤ ਜਿਸਦੇ ਚਾਰੇ ਦਿਸ਼ਾਵਾਂ ਵਿਚ ਚਾਰ ਦੁਆਰ ਖੁਲ੍ਹਦੇ ਹਨ, ਸਮੇਤ ਸਿੱਖ ਕੇਸਰੀ ਨਿਸ਼ਾਨ ਸਾਹਿਬ, ਗੁਰੂਕੇ ਲੰਗਰ ਤੇ ਵਿਸਰਾਮ ਸਥਾਨ ਦੇ ਸਿੱਖ ਧਰਮ ਦੀ ਸਭ ਤੋਂ ਮੁਢੱਲੀ ਤੇ ਸਦੀਵੀ ਸੰਸਥਾ ਹੈ।

ਸੰਖੇਪ ਵਿੱਚ ਭਾਈ ਕਾਹਨ ਸਿੰਘ ਨਾਭਾ ਜੀ ਦੀ ਪਰਿਭਾਸ਼ਾ ਅਨੁਸਾਰ: ਗੁਰਦਵਾਰਾ ਸਿੱਖਿਆਰਥੀ ਲਈ ਵਿਦਿਅਕ ਕੇਂਦਰ, ਪ੍ਰਭੂਮਿਲਣ ਦੀ ਜਗਿਆਸਾ ਵਾਲੇ ਖੋਜੀ ਲਈ ਮਾਰਗ ਦਰਸ਼ਕ, ਰੋਗੀ ਲਈ ਮੈਡੀਕਲ ਚਿਕਤਸਾ/ਉਪਚਾਰ ਸਥਾਨ, ਭੁੱਖੇ ਤੇ ਲਾਚਾਰ ਲਈ ਪੇਟ ਪੂਰਤੀ ਦਾ

ਸ੍ਰੋਤ ਤੇ ਇਸਤਰੀ ਦੀ ਲਾਜਪਤ ਦੀ ਸੁਰੱਖਿਆ ਕਰਨ ਵਾਲਾ ਤੇ ਯਾਤਰੀ ਲਈ ਵਿਸ਼ਰਾਮ ਸਥਾਨ ਹੈ।

ਗੁਰਦਵਾਰਾ ਸਮੁੱਚੇ ਮਨੁੰਖੀ ਸਰੂਪ ਦੀਆਂ ਤਕਰੀਬਨ ਸਾਰੀਆਂ ਸਰੀਰਕ, ਮਾਨਸਿਕ, ਅਧਿਆਤਮਕ ਅਕਾਂਸ਼ਾਂਵਾਂ ਤੇ ਲੋੜਾਂ ਦੀ ਪੂਰਤੀ ਕਰਨ ਵਾਲਾ ਪਵਿੱਤਰ ਸਥਾਨ ਹੈ।

ਕਿਉਂਕਿ ਸੰਗਤ ਗੁਰਦਵਾਰੇ ਦਾ ਅਨਿਖੜਵਾਂ ਅੰਗ ਹੈ, ਗੁਰਦਵਾਰੇ ਵਿਚ ਜੁੜੀ ਸੰਗਤ ਵਿਚ ਬੈਠਣ ਨਾਲ ਸਿੱਖ ਸ਼ਰਧਾਲੂ ਦਾ ਹਿਰਦਾ, ਸੋਚ ਪ੍ਰਵਾਹ ਤੇ ਅੰਤਿਹਕਰਣ ਕੁਝ ਪਲਾਂ ਲਈ ਆਪਣੇ ਸਾਰੇ ਨਿਜੀ ਡਰ ਭੈ, ਚਿੰਤਾਵਾਂ ਤੇ ਹਉਮੈ ਸਵਾਰਥ ਅੰਹਕਾਰ, ਭੁਲਾਕੇ ਸ਼ਰਧਾਂ, ਨਿਮਰਤਾ ਦੇ ਆਤਮ ਸਮਰਪਣ ਦੀ ਮੁਦਰਾ ਵਿਚ ਆ ਜਾਂਦਾ ਹੈ ਤੇ ਉਹ ਸਕੂਨ ਤੇ ਆਤਮਕ ਸ਼ਾਂਤੀ ਦਾ ਅਨੁਭਵ ਕਰਦਾ ਹੈ। ਗੁਰੂ ਦੀ ਬਾਣੀ ਦਾ ਹੋ ਰਿਹਾ ਉਚਾਰਣ, ਕੀਰਤਨ ਤੇ ਗੁਰਦਵਾਰੇ ਦੀ ਸੰਗਤ ਭਰਪੂਰ ਸੰਗਤ ਰੂਪੀ ਆਭਾ ਮੰਡਲ ਉਸਦੀ ਰੂਹ ਨੂੰ ਸਰਸ਼ਾਰ ਤੇ ਅਨੰਦਿਤ ਕਰਦੇ ਹਨ। ਇਸੇ ਕਾਰਣ ਕਰਕੇ ਹੀ ਸਿੱਖ ਧਰਮ ਵਿਚ ਸੰਗਤ ਦਾ ਬਹੁਤ ਮਹੱਤਵ ਹੈ। ਯਥਾ ਗੁਰੂ ਵੀਹ ਬਿਸਵੇ ਸੰਗਤ ਇੱਕੀ ਬਿਸਵੇ। ਗੁਰਦਵਾਰੇ ਦੇ ਪ੍ਰਬੰਧਕੀ ਪੱਧਰ ਤੇ ਵੀ ਸੰਗਤ ਪ੍ਰਬੰਧਕਾਂ ਦੇ ਨਿੱਜੀ ਅੰਹਕਾਰ ਤੇ ਆਪ ਹੁਦਰੇਪਣ ਉਤੇ ਸੰਗਤ/ਜਨਮਤ ਰੂਪੀ ਅੰਕੁਸ਼ ਲਾਈ ਰਖੱਦੀ ਹੈ ਤੇ ਚੰਗੇਰੇ ਗੁਰਦੁਆਰਾ ਸੰਚਾਲਣ ਕਰਨ ਵਿਚ ਸਹਾਈ ਹੁੰਦੀ ਹੈ। ਇਸ ਲਈ, ਗੁਰਦਵਾਰਾ ਸੰਸਥਾ ਦੇ ਵਿਕਾਸ ਵਿਚ ਸੰਗਤ ਦੀ ਬਹੁਤ ਅਹਿਮ ਭੂਮਿਕਾ ਹੈ। ਸਿੱਖ ਧਰਮ ਦੇ ਮੁੱਢਲੇ ਸਮੇਂ ਵਿਚ ਸੰਗਤ ਤੋਂ ਹੀ ਗੁਰਦਵਾਰਾ ਸੰਸਥਾ ਦਾ ਮੁੱਢ ਬੱਝਾ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਸਮੇਂ ਜਿੱਥੇ ਜਿੱਥੇ ਵੀ ਉਨ੍ਹਾਂ ਦਾ ਉਪਦੇਸ਼ ਸੁਣਨ ਤੇ ਉਸਦਾ ਅਨੁਸਰਣ ਕਰਨ ਲਈ ਲੋਕ ਇੱਕਠੇ ਹੋਏ ਹੁੰਦੇ ਉਸ ਇੱਕਠ ਨੂੰ ਹੀ ਸੰਗਤ ਕਿਹਾ ਜਾਂਦਾ ਤੇ ਸੰਗਤ ਦੀ ਇਕੱਤਰਤਾ ਹੋਣ ਵਾਲੇ ਸਥਾਨ ਨੂੰ ਧਰਮਸਾਲ ਕਿਹਾ ਗਿਆ। ਇਸ ਲਈ ਧਰਮਸਾਲ ਗੁਰਦਵਾਰਾ ਸੰਸਥਾ ਦਾ ਸਭ ਤੋਂ ਮੁੱਢਲਾ ਸਰੂਪ ਹੈ। ਭਾਈ ਲਾਲੋ ਦਾ ਨਿਵਾਸ ਸਥਾਨ ਸਭ ਤੋਂ ਪਹਿਲੀ ਧਰਮਸਾਲ ਵਜੋਂ ਜਾਣਿਆਂ ਗਿਆ ਹੈ। ਗੁਰੂ ਅੰਗਦ ਦੇਵ ਜੀ ਸਮੇਂ ਖਡੂਰ ਸਾਹਿਬ ਵੱਡੇ ਆਕਾਰ ਵਾਲੀ ਧਰਮਸਾਲ ਸੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਧਰਮਸਾਲਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਣ ਕਾਰਨ ਧਰਮਸਾਲ ਮੰਜੀਆਂ ਦਾ ਰੂਪ ਧਾਰਨ ਕਰ ਗਈ ਤੇ ਗੁਰੂ ਜੀ ਦੁਆਰਾ ਥਾਪੇ ਗਏ ਮਸੰਦਾਂ ਰਾਹੀਂ ਉਨ੍ਹਾਂ ਦਾ ਸੰਚਾਲਣ ਹੁੰਦਾ ਰਿਹਾ। ਸ੍ਰੀ ਹਰਿਮੰਦਰ ਸਾਹਿਬ ਦੀ ਹੋਂਦ ਵਿਚ ਆਉਣ ਤੇ ਇਸ ਵਿਚ ਸ੍ਰੀ

ਗੁਰੂਗ੍ਰੰਥ ਸਾਹਿਬ ਦੀ ਸਥਾਪਨਾ ਨਾਲ ਸ੍ਰੀ ਗੁਰੂਹਰਿਗੋਬਿੰਦ ਜੀ ਸਮੇਂ ਧਰਮਸਾਲ ਨੇ ਗੁਰਦਵਾਰੇ ਦਾ ਸਰੂਪ ਧਾਰਣ ਕਰ ਲਿਆ ਤੇ ਗੁਰਦਵਾਰਾ ਸਦੀਵ ਕਾਲ ਲਈ ਸੰਕਲਪਿਤ (Conceptual) ਤੇ ਸੰ੍ਸਥਾਗਤ (Institutional) ਤੌਰ ਤੇ ਸਿੱਖ ਸਰੋਕਾਰਾਂ ਦਾ ਕੇਂਦਰੀ ਬਿੰਦੂ(Nucleus) ਬਣ ਗਿਆ ਤੇ ਬਣਿਆ ਰਹੇਗਾ।

## 2. ਗੁਰਦੁਆਰਾ ਸਕੰਪਲ ਦਾ ਮੂਲਅੰਕਣ/Evaluation of Gurdwara Concept

ਜੇਕਰ ਗੁਰਦੁਆਰਾ ਦੇ ਸੰਸਥਾ ਰੂਪੀ ਇਤਿਹਾਸ ਤੇ ਗੁਰੂਨਾਨਕ ਸਾਹਿਬ ਦੇ ਆਰੰਭਿਕ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਸਰਸਰੀ ਨਜਰ ਮਾਰੀਏ ਤਾਂ ਕੁਝ ਨਿੱਜੀ (So-called) ਅਖੌਤੀ ਸੰਤ ਬਾਬਿਆਂ ਦੇ ਡੇਰਿਆ, ਉਦਾਸੀ ਮੱਤ ਦੇ ਗੁਰਦਵਾਰੇ ਨੁਮਾ ਮੱਠਾਂ, ਕੁਝ ਕੁ ਜਾਤ, ਗੋਤ ਅਧਾਰਿਤ ਗੁਰਦਵਾਰਿਆਂ ਤੇ ਪੰਜਾਬ ਤੋਂ ਬਾਹਰ ਕੇ ਕੁਝ ਪ੍ਰਾਂਤਾਂ ਜਿਵੇਂ ਕਿ ਬਿਹਾਰ ਤੇ ਮਹਾਰਸ਼ਟਰ ਆਦਿ ਦੇ ਇਤਿਹਾਸਕ ਗੁਰਦਵਾਰਿਆਂ ਨੂੰ ਛੱਡ ਕੇ ਤਕਰੀਬਨ ਵਿਸ਼ਵ ਭਰ ਦੇ Mainstream ਸਿੰਘ ਸਭਾਵਾਂ ਦੇ ਗੁਰਦਵਾਰਿਆਂ ਵਿਚ ਤਕਰੀਬਨ ਇਕੋ ਜਿਹੀ ਪੰਥ ਪ੍ਰਵਾਨਿਤ ਪੂਜਾ ਅਰਚਨਾ ਵਿਧੀ ਅਪਣਾਈ ਜਾ ਰਹੀ ਭਾਸਦੀ ਹੈ। ਇੰਨੇ ਵੱਡੇ ਪੱਧਰ ਤੇ ਇਕੋ ਜਿਹੀ ਅਪਣਾਈ ਜਾ ਰਹੀ ਤੇ ਅਨੁਸਰਣ ਕੀਤੇ ਜਾਣ ਵਾਲੀ ਗੁਰਦਵਾਰਾ ਮਰਿਆਦਾ, ਤੇ ਇਕਸਾਰਤਾ ਗੁਰਦਵਾਰਾ ਸਾਹਿਬ ਦੇ ਮੁੱਢਲੇ ਸੰਕਲਪਾਂ ਦੇ ਚਿਰ ਸਥਾਈਪੁਣੇ (Permanence) ਤੇ ਸਰਬੰ ਵਿਆਪਕਤਾ (Comprehensiveness) ਦੀ ਸ਼ਾਹਦੀ ਭਰਦੀ ਹੈ। ਬਹੁ-ਗਿਣਤੀ ਗੁਰਦਵਾਰਾ ਸੰਸਥਾਵਾਂ (Institutions) ਭਾਈ ਕਾਹਨ ਸਿੰਘ ਨਾਭਾ ਜੀ ਰਾਹੀਂ ਦਿੱਤੀ ਗਈ ਗੁਰਦਵਾਰਾ ਸਾਹਿਬ ਦੀ ਬਹੁ-ਪੱਖੀ ਪ੍ਰਤਿਭਾ ਦਾ ਅਨੁਸਾਰਣ ਕਰਦੀਆਂ ਆ ਰਹੀਆਂ ਹਨ। ਭਾਵੇਂ ਉਨ੍ਹਾਂ ਦੀ ਕਾਰਜ ਵਿਧੀ ਵਿਚ ਸਥਾਕਨ ਹਾਲਾਤਾਂ ਕਾਰਨ ਕੁਝ ਵਖਰੇਵੇਂ ਨਜਰ ਆਉਂਦੇ ਹਨ ਪਰ ਸਮੁੱਚੇ ਤੌਰ ਤੇ ਗੁਰਦਵਾਰਾ ਸੰਸਥਾ ਇਸਦੇ ਪੁਰਾਤਨ, ਮੁੱਢਲੇ ਤੇ ਸਰਬੰਗੀ ਸੰਕਲਪ (Comprehensive Concept) ਤੇ ਕਾਇਮ ਹੈ ਤੇ ਇਸ ਸੰਕਲਪ ਦਾ ਸਦੀਵੀ ਪ੍ਰਗਟਾਵਾ ਤੇ ਅਨੁਸਰਣ ਕਰਦੀ ਰਹੇਗੀ।

3. **ਗੁਰਦੁਆਰਾ ਰਹੁਰੀਤਾਂ/ਪ੍ਰਕਿਰਿਆਵਾਂ/ਗਤੀਵਿਧੀਆਂ/Gurdwara Practices**

ਜਿਥੋਂ ਤੱਕ ਗੁਰਦਵਾਰੇ ਨਾਲ ਸੰਬੰਧਿਤ (Practices) ਰਹੁ-ਰੀਤਾਂ, ਪ੍ਰਤਿਕ੍ਰਿਆਵਾਂ ਤੇ ਗਤੀਵਿਧੀਆਂ ਦਾ ਵਾਲ ਹੈ ਇਨ੍ਹਾਂ ਵਿਚ ਇਨ੍ਹਾਂ ਦੇ ਆਰੰਭ ਹੋਣ ਤੋਂ ਲੈ ਕੇ ਮੌਜੂਜਾ ਸਮੇਂ ਤੱਕ ਕਾਫੀ ਤਬਦੀਲੀਆਂ/ਪਰਿਵਰਤਨ ਆਏ ਹਨ ਤੇ ਕਾਫੀ ਹੱਦ ਤੱਕ ਇਨ੍ਹਾਂ ਵਿੱਚ ਵਿਗਾੜ ਵੀ ਪਏ ਨਜ਼ਰ ਆਉਂਦੇ ਹਨ। ਇਸ ਲਈ ਇਨ੍ਹਾਂ ਵਿੱਚੋਂ ਕੁਝ ਕੁ ਪ੍ਰਮੁੱਖ ਰਹੁ-ਰੀਤਾਂ ਜਿਵੇਂ ਕਿ ਗੁਰਦਵਾਰੇ ਨਾਲ ਜੁੜੇ ਸਿੱਖੀ ਪ੍ਰਚਾਰ/ਗੁਰਦਵਾਰਾ ਪ੍ਰਬੰਧਨ/ਗੁਰਦਵਾਰਾ ਗੋਲਕ ਦੀ ਵਰਤੋਂ, ਗੁਰਦਆਰਾ ਪ੍ਰਥਾ ਵਿਚ ਆਏ ਸੰਸਥਾਗਤ ਵਖਰੇਵੇਂ (Institutional Variations) ਤੇ ਗੁਰਦਆਰਾ ਰੀਤੀ-ਰਿਵਾਜਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨਾ ਲਾਹੇਵੰਦ ਹੋਵੇਗਾ।

4. **ਸਿੱਖੀ ਪ੍ਰਚਾਰ**

ਗੁਰਦਵਾਰਾ ਸੰਸਥਾ ਦਾ ਮੁਖ ਉਦੇਸ਼ ਤੇ ਮੁਖ ਕਾਰਜ ਤੇ ਮੁਖ ਗਤੀਵਿਧੀ ਗੁਰਬਾਣੀ ਤੇ ਸਿੱਖ ਗੁਰੂਸਾਹਿਬਾਨਾਂ ਦੇ ਉਪਦੇਸ਼ ਦਾ ਪ੍ਰਚਾਰ ਕਰਨਾ ਹੈ। ਗੁਰਦਵਾਰਾ ਸਿੱਖ ਧਰਮ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਲਗਾਤਾਰ ਇਹ ਕਾਰਜ ਕਰਦਾ ਵੀ ਆਇਆ ਹੈ ਤੇ ਨਿਰੰਤਰ ਕਰ ਵੀ ਰਿਹਾ ਹੈ। ਸਿੱਖੀ ਪ੍ਰਚਾਰ ਤੇ ਗੁਰਬਾਣੀ ਵਿਆਖਿਆਕਾਰੀ ਦਾ ਇੱਕ ਬਹੁਤ ਲੰਬਾ ਇਤਹਾਸ ਹੈ। ਪੁਰਾਤਨ ਸਮਿਆਂ ਵਿਚ ਗੁਰੂਸਾਹਿਬਾਨਾਂ ਤੋਂ ਲੈ ਕੇ ਭਾਈ ਗੁਰਦਾਸ, ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ ਬਾਬਾ ਦੀਪ ਸਿੰਘ, ਨਿਰਮਲੇ ਸਾਧੂਆਂ ਸਮੇਤ ਗੁਰਦਵਾਰਾ ਸਟੇਜ ਤੋਂ ਨਿਰੰਤਰ ਸਿੱਖੀ ਪ੍ਰਚਾਰ ਹੋ ਰਿਹਾ ਹੈ ਪਰ ਇਸ ਦੀ ਗੁਣਵੱਤਤਾ (Quality) ਤੇ ਮਿਆਰ ਵਿਚ ਲਗਾਤਾਰ ਗਿਰਾਵਟ ਤੇ ਵਿਗਾੜ ਪੈਂਦੇ ਨਜਰ ਆ ਰਹੇ ਹਨ। ਇਸ ਦੇ ਦੋ ਕਾਰਨ ਹਨ। ਇਕ ਤਾਂ ਚੰਗੇ ਗੁਰਬਾਣੀ ਗਿਆਨ, ਸਿੱਖ ਫਲਸਫੇ, ਸਿੱਖ ਇਤਿਹਾਸ ਵਿਚ ਕੁਸ਼ਲ ਤੇ ਨਿਪੁੰਨ ਪ੍ਰਚਾਰਕਾ ਦੀ ਘਾਟ ਹੈ ਤੇ ਅਜਿਹੇ ਪ੍ਰਚਾਰਕਾਂ ਦੀ ਯੋਗ ਸਿਖਲਾਈ (Training) ਦੇਣ ਵਾਲੀ ਕਿਸੇ ਪ੍ਰਮਾਣਿਕ ਸਿੱਖ ਸੰਸਥਾ ਜਾਂ ਸੰਸਥਾਵਾਂ ਦੀ ਘਾਟ ਹੈ। ਦੂਜੀ ਆਧੁਨਿਕ ਸਮੇਂ ਵਿਚ ਸਮੁੱਚੀ ਸਿੱਖ ਸੰਗਤ ਦੇ ਤਕਰੀਬਨ ਅੱਧੇ ਹਿੱਸੇ ਦੀ ਮਾਨਸਿਕ, ਬੌਧਿਕ ਤੇ ਮਨੋਵਿਗਿਆਨਕ ਵਿਕਾਸ ਤੇ ਆਧੁਨਿਕ ਜੀਵਨ ਸ਼ੈਲੀ ਕਾਰਨ ਉਸ ਦੀ ਪੁਰਾਤਨ ਪ੍ਰਚਾਰਕ ਵਿਧੀ ਨਾਲ ਅਸੰਗਤ (Lack of coordination/rapport) ਤੇ ਦਿਮਾਗੀ ਤਾਲਮੇਲ ਦੀ ਘਾਟ ਹੈ। ਜਦੋਂਕਿ ਬਹੁ ਗਿਣਤੀ ਸਿੱਖ ਪ੍ਰਚਾਰਕਾਂ, ਸਮੇਤ ਸ਼੍ਰੋਮਣੀ ਕਮੇਟੀ ਦੇ ਪਰਚਾਰਕਾਂ, ਦੇ, ਪ੍ਰਚਾਰ ਵਿਧੀ, ਭਾਸ਼ਾ ਸ਼ੈਲੀ ਤੇ ਪ੍ਰਚਾਰਣ ਸਮੱਗਰੀ ਪੁਰਾਤਨ, ਰਸਮੀ ਤੇ ਰਵਾਇਤੀ ਹੈ, ਉਥੇ ਚਾਲੀ ਸਾਲਾਂ ਤੋਂ ਘੱਟ

ਉਮਰ ਦੀ ਪੜ੍ਹੀ ਲਿਖੀ ਤਕਰੀਬਨ ਅੱਧੀ ਸਿੱਖ ਸੰਗਤ ਇਸ ਤਰ੍ਹਾਂ ਦੇ ਪ੍ਰਚਾਰ ਵਿਚ ਜਾ ਤਾਂ ਰੁਚੀ ਹੀ ਨਹੀਂ ਲੈਂਦੀ ਜਾਂ ਪੂਰੀ ਸ਼ਰਧਾ ਤੇ ਇਕਾਗਰ ਚਿੱਤ ਹੋ ਕੇ ਅਜਿਹੇ ਪ੍ਰਚਾਰ ਨੂੰ ਸੁਣਦੀ ਹੀ ਨਹੀਂ ਤੇ ਜਾਂ ਉਸ ਪ੍ਰਚਾਰ ਦਾ ਅਸਰ ਨਹੀਂ ਕਬੂਲਦੀ। ਸਿੱਖ ਸੰਗਤ ਦਾ ਇਹ ਹਿੱਸਾ ਸਿੱਖੀ ਪ੍ਰਚਾਰ ਲਈ ਪੰਜਾਬੀ ਭਾਸ਼ਾ ਦੇ ਨਾਲ-ਨਾਲ ਢੁਕਵੇਂ ਅੰਗਰੇਜ਼ੀ ਭਾਸ਼ਾ ਦੇ ਪ੍ਰਚਲਤ ਸ਼ਬਦਾਂ ਤੇ ਆਧੁਨਿਕ ਤਕਨਾਲੋਜੀ ਦੇ ਸਾਰੇ ਮਾਧਿਅਮਾਂ ਦੀ ਵਰਤੋਂ ਕਰਨ ਦਾ ਹਾਮੀ ਹੈ। ਇਸ ਅਸੰਗਤੀ (Lack of Coordination) ਤੇ ਘਾਟ ਨੂੰ ਪੂਰਾ ਕਰਨ ਲਈ ਕੁਝ ਠੋਸ ਉਪਰਾਲੇ ਕਰਨ ਦੀ ਬਹੁਤ ਲੋੜ ਹੈ। ਇਸ ਲਈ ਸਿੱਖੀ ਪ੍ਰਚਾਰ ਲਈ ਆਧੁਨਿਕ ਸੋਸ਼ਲਮੀਡੀਆ ਤੇ ਇਲੈਕਟਰੌਨਿਕ ਮੀਡੀਆ ਦੀ ਯੋਗ ਵਰਤੋਂ ਕਰਨੀ ਬਣਦੀ ਹੈ। ਗੁਰਦਵਾਰਿਆਂ ਦੇ ਗ੍ਰੰਥੀ ਸਿੰਘ ਤੇ ਪ੍ਰਚਾਰਕ ਪੜ੍ਹੇ ਲਿਖੇ, ਸਿੱਖੀ ਗੁਰਮਤਿ ਗਿਆਨ ਵਿਚ ਨਿਪੁੰਨ ਤੇ ਗੁਰਬਾਣੀ ਉਚਾਰਣ ਤੇ ਮੁਹਾਰਤ ਰੱਖਣ ਵਾਲੇ ਸਹੀ ਅਰਥਾਂ ਦੇ ਜਾਣੂ, ਦੋ ਤੋਂ ਭਾਸ਼ੀਏ, ਤੇ ਸਪੱਸ਼ਟ ਵਕਤਾ ਹੋਣੇ ਚਾਹੀਦੇ ਹਨ। ਚੰਗਾ ਹੋਵੇ ਜੇ ਸਿੱਖ ਪ੍ਰਚਾਰਕ ਪੰਜਾਬ ਦੀਆਂ ਦੋ ਪ੍ਰਮੁੱਖ ਯੂਨੀਵਰਸਿਟੀਆਂ ਤੋਂ ਧਾਰਮਿਕ ਗਿਆਨ ਦੇਣ ਵਾਲੀਆਂ Department ਤੋਂ M.A., M. Phil ਤੇ Ph. D. ਆਦਿ ਦੇ ਡਿਗਰੀ ਹੋਲਡਰ ਹੋਣ ਜਾਂ ਸ਼੍ਰੋਮਣੀ ਕਮੇਟੀ ਵਰਗੇ ਸਿਰਮੌਰ ਅਦਾਰੇ ਵਲੋਂ ਸਥਾਪਿਤ ਕੀਤੀ ਗਈ ਕਿਸੇ ਸਿਖਲਾਈ ਸੰਸਥਾ Training Institute ਵਲੋਂ ਮਾਣਤਾ ਪ੍ਰਾਪਤ ਡਿਗਰੀ ਦੇ ਹੋਲਡਰ ਹੋਣ। ਘੱਟ ਤੋਂ ਘੱਟ, ਹਰ ਗਰੰਥੀ ਸਿੱਖ ਜਾਂ ਪ੍ਰਚਾਰਕ ਨੂੰ ਸ਼੍ਰੋਮਣੀ ਕਮੇਟੀ ਵਲੋਂ ਤੇ ਬਾਕੀ ਯੋਗ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਤਿਆਰ ਕੀਤਾ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਫਲਸਫੇ ਤੇ ਗੁਰਮਤ ਸਾਹਿਤ ਦਾ ਸੰਗ੍ਰਹਿ/ਪੈਕੇਜ਼ ਉਪਲਬਧ/ਕਰਾਇਆ ਜਾਣਾ ਚਾਹੀਦਾ ਹੈ ਜਿਸ ਨੂੰ ਪੜ੍ਹਕੇ, ਵਿਚਾਰ ਕੇ ਉਹ ਸਹੀ ਸਿੱਖੀ ਪ੍ਰਚਾਰ ਕਰ ਸਕਣ। ਗ੍ਰੰਥੀ ਸਿੱਖਾਂ ਤੇ ਸਿੱਖ ਪ੍ਰਚਾਰਕਾਂ ਲਈ ਸਮੇਂ ਸਮੇਂ ਰੀਫਰੈਸ਼ਰ ਕੋਰਸ ਕਰਾਏ ਜਾਣੇ ਚਾਹੀਦੇ ਹਨ। ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਅਜਿਹੇ ਸੂਝਵਾਨ, ਗੁਰਮਤਿ ਵਿੱਚ ਨਿਪੰਨ ਗ੍ਰੰਥੀ ਤੇ ਪ੍ਰਚਾਰਕ ਨਿਯੁਕਤ ਕਰਨੇ ਚਾਹੀਦੇ ਹਨ ਤੇ ਉਨ੍ਹਾਂ ਨੂੰ ਸਨਮਾਨਜਨਕ ਤਨਖਾਹ, ਰਿਹਾਇਸ਼ ਤੇ ਹੋਰ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਕਰਨੀਆਂ ਚਾਹਦੀਆਂ ਹਨ। ਗੁਰਦਵਾਰਾ ਗੋਲਕ ਦਾ ਨਿੱਗਰ ਹਿੱਸਾ, ਚੰਗੇ ਮਿਆਰ ਦੇ ਪ੍ਰਚਾਰਕਾਂ ਤੇ, ਸਹੀ ਸਿੱਖ ਪ੍ਰਚਾਰ ਤੇ ਖਰਚ ਕਰਨਾ ਚਾਹੀਦਾ ਹੈ। ਗੁਰਦਵਾਰਾ ਪ੍ਰਬੰਧ ਨੂੰ ਬਹੁਤ ਸਾਰੇ ਦਿਸ਼ਾਹੀਨ ਮੌਜੂਦਾ ਰੁਝਾਨਾਂ ਜਿਵੇਂ ਕਿ ਇਕੋ ਜਿਹੀਆਂ ਮਾਰਬਲਡ ਇਮਾਰਤਾਂ ਦੀ ਉਸਾਰੀ ਤੇ ਸੋਨੇ ਦੀ ਜੜ੍ਹਤ ਵਾਲੇ ਗੁੰਬਦ, ਬੇਲੋੜੀ ਸਜਾਵਟ ਆਦਿ ਵਲੋਂ ਹੱਟਕੇ ਪ੍ਰਭਾਵਸ਼ਾਲੀ ਸਿੱਖ ਪ੍ਰਚਾਰ ਨੂੰ ਪਹਿਲ ਦੇਣੀ ਚਾਹੀਦੀ ਹੈ, ਜਿਸ ਨਾਲ ਪ੍ਰਭਾਵਸ਼ਾਲੀ ਪ੍ਰਚਾਰ ਰਾਹੀਂ ਸਿੱਖ ਯੁਵਾ ਪੀੜੀ ਨੂੰ ਪਤਿਤ ਹੋਣ ਤੋਂ ਬਚਾਇਆ ਜਾ ਸਕੇ। ਸਿੱਖ ਬੱਚਿਆਂ ਤੇ ਨੌਜਵਾਨਾਂ ਨੂੰ ਦਿਮਾਗੀ, ਬੌਧਿਕ ਪੱਧਰ ਤੇ ਗੁਰਬਾਣੀ ਦੇ ਰੂਹਾਨੀ ਤੇ ਨੈਤਿਕ ਉਪਦੇਸ਼ਾਂ

ਨਾਲ ਜਾਣੂਕਰਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਸਿੱਖ ਵਿਰਸੇ ਨਾਲ ਜੋੜਨ ਦੇ ਯਤਨ ਕਰਨੇ ਜਰੂਰੀ ਹਨ ਤਾਂ ਕਿ ਸਿੱਖ ਧਰਮ ਤੇ ਸਿੱਖੀ ਸਰੂਪ ਦੀ ਵਿਲੱਖਣਤਾ ਨੂੰ ਬਰਕਰਾਰ ਰੱਖਿਆ ਜਾ ਸਕੇ। ਰਵਾਇਤੀ ਸਿੱਖ ਪ੍ਰਚਾਰ ਵਿਚ ਵੀ ਜੋ ਵਿਗਾੜ ਪੰਜਾਬ ਵਿਚ ਤੇਜ਼ੀ ਨਾਲ ਪਨਪ ਰਹੇ ਡੇਰਾਵਾਦ ਤੇ ਡੇਰੇਦਾਰਾਂ ਦੇ ਵੈਦਿਕ, ਪੁਰਾਨਿਕ ਮਿਲਗੋਭੇ (Hybridized) ਵਾਲੇ ਸਿੱਖ ਪਰਚਾਰ ਕਾਰਨ ਪਾਏ ਜਾ ਰਹੇ ਹਨ ਉਸਨੂੰ ਨੂੰ ਠੱਲ ਪਾਉਣੀ ਗੁਰਦਵਾਰਾ ਪ੍ਰਬੰਧ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ। ਗੁਰਦਵਾਰਾ ਤੇ ਗੁਰਦਵਾਰਾ ਸਟੇਜ਼ ਤੋਂ ਹੁੰਦਾ ਸੁਚੱਜਾ ਸਿੱਖੀ ਪ੍ਰਚਾਰ ਹੀ ਸਿੱਖ ਧਰਮ ਦੀ ਰੀੜ ਦੀ ਹੱਡੀ ਹੈ। ਇਸ ਨੂੰ ਅਰੋਆ, ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਬਣਾਉਣਾ ਹੀ ਗੁਰਦਵਾਰਾ ਪ੍ਰਬੰਧਨ ਦਾ ਮੁੱਖ ਟੀਚਾ Target/Priority ਹੋਣਾ ਚਾਹੀਦਾ ਹੈ। ਮਿਥਿਹਾਸਿਕ ਕਥਾ ਕਹਾਣੀਆਂ, ਕਰਾਮਤਾਂ ਤੇ ਨਿਰੋਲ ਉਪਦੇਸ਼ਾਂ ਦਾ ਯੁੱਗ ਲੰਘ ਚੁੱਕਾ ਹੈ। ਠੋਸ ਤੱਤਾ ਦੇ ਆਧਾਰ ਤੇ ਗੁਰੂਸਾਹਿਬਾਨ ਤੇ ਪੁਰਾਤਨ ਆਦਰਸ਼ਕ ਸਿੱਖ ਸਖਸ਼ੀਅਤਾਂ ਦੇ ਪਰਉਪਕਾਰੀ ਕਾਰਜਾਂ ਤੇ ਉਨ੍ਹਾਂ ਦੀ ਸੱਚੀ ਸੁੱਚੀ ਰਹਿਣੀ-ਬਹਿਣੀ, ਤੇ ਉਨ੍ਹਾਂ ਰਾਹੀਂ ਮਨੁੱਖੀ ਹੱਕਾਂ ਤੇ ਧਾਰਮਿਕ ਵਿਸ਼ਵਾਸ਼ਾਂ ਦੀ ਸੁਤੰਤਰਤਾ ਲਈ ਕੀਤੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਦੀਆਂ ਉਦਾਹਰਣਾਂ ਦੇ ਕੇ ਸਿੱਖੀ ਪ੍ਰਚਾਰ ਨੂੰ ਪ੍ਰਭਾਵਸ਼ਾਲੀ ਤੇ ਅਸਰਦਾਰ ਬਣਾਇਆ ਜਾ ਸਕਦਾ ਹੈ। ਇਸ ਸਾਰੇ ਕਾਰਜ ਲਈ ਢੁੱਕਵੀ ਪ੍ਰਚਾਰ ਸਮੱਗਰੀ ਤੇ ਉਸ ਸਮਗੱਰੀ ਨਾਲ ਲੈਸ ਸਿੱਖ ਪ੍ਰਚਾਰਕ ਇਸ ਅਤਿ ਲੋੜੀਂਦੇ ਕਾਰਜ ਨੂੰ ਨਿਭਾ ਸਕਦੇ ਹਨ। ਗੁਰਦਵਾਰਾ ਪ੍ਰਬੰਧਾਨ ਚਲਾ ਰਹੇ ਹਰ ਪੱਧਰ ਦੇ ਪ੍ਰਬੰਧਕਾਂ ਤੇ ਪ੍ਰਬੰਧਕ ਕਮੇਟੀਆਂ ਨੂੰ ਸਹੀ ਸਿੱਖੀ ਪ੍ਰਚਾਰ ਨੂੰ ਹੀ Priority/ ਪਹਿਲ ਦੇਣੀ ਚਾਹੀਦੀ ਹੈ/ ਸਿੱਖ ਕੌਮ ਨੂੰ ਆਪਣੇ ਵੱਡੇ ਭਾਈਚਾਰੇ ਹਿੰਦੂਸਮਾਜ ਦੇ RSS ਪ੍ਰਚਾਰਕਾਂ ਦੀ ਸਿਖਿਆ ਤੇ ਪ੍ਰਚਾਰਕ ਵਿਧੀ ਤੋਂ ਕੁਝ ਸੇਧ ਮਿਲ ਸਕਦੀ ਹੈ। ਈਸਾਈ ਧਰਮ ਵਿਚ Christian Missionaries ਦੀ ਈਸਾਈ ਮੱਤ ਪ੍ਰਤੀ ਵਚਨਬੱਧਤਾ ਤੇ ਸ਼ਿਦੱਤ ਵੀ ਇਸੇ ਤਰ੍ਹਾਂ ਦੀ ਲਗਨ ਦੀ ਲਖਾਇਕ ਹੈ। ਸੰਖੇਪ ਵਿਚ, ਮੌਜੂਦਾ ਸਿੱਖੀ ਪ੍ਰਚਾਰ ਦੀ ਵਿਧੀ ਤੇ ਇਸਦਾ ਅਸਰਦਾਰ ਨਾ ਹੋਣਾ ਹੀ ਸਿੱਖ ਧਰਮ ਦੀ ਸਭ ਤੋਂ ਕਮਜ਼ੋਰ ਕੜੀ ਹੈ, ਇਸਨੂੰ ਪਹਿਲ ਦੇ ਆਧਾਰ ਤੇ ਮਜ਼ਬੂਤ ਕਰਨਾ ਚਾਹੀਦਾ ਹੈ।

## 5. Gurdwara Governance/Administration – ਗੁਰਦੁਆਰਾ ਪ੍ਰਬੰਧ ਮੁਲਾਂਕਣ

ਗੁਰਦਵਾਰਾ ਪ੍ਰਬੰਧਨ ਦਾ ਕਾਫੀ ਲੰਬਾ ਇਤਿਹਾਸ ਹੈ ਲੇਕਿਨ ਵੀਹਵੀ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਹੋਂਦ ਵਿਚ ਆਇਆ ਤੇ ਆਪਣਾਇਆ ਗਿਆ ਗੁਰਦਵਾਰਾ ਪ੍ਰਬੰਧਨ ਇਸ ਇਤਿਹਾਸ ਦਾ ਸਭ ਤੋਂ ਵੱਡਾ ਮੀਲ ਪੱਥਰ ਹੈ। ਅਣਗਿਣਤ, ਆਸਾਨੀ ਕੁਰਬਾਨੀਆਂ ਦੇ ਕੇ, ਸਿੱਖ ਕੌਮ ਨੇ ਸਿੱਖ

ਗੁਰਦਵਾਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਇਆ, ਇਨ੍ਹਾਂ ਧਾਰਮਿਕ ਅਸਥਾਨਾਂ ਦੇ ਯੋਗ ਪ੍ਰਬੰਧ ਲਈ ਜਮਹੂਰੀ (Democratic Electroal) ਢੰਗ ਅਪਣਾਉਂਦਿਆਂ ਸਹੀ ਸਿੱਖ ਵੋਟਰਾਂ ਰਾਹੀਂ ਚੁਣੀ ਗਈ ਪ੍ਰਤੀਨਿਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਧਾਨਿਕ (Legislative) ਬਿਲ ਤੇ ਐਕਟ ਪਾਸ ਕਰਾਕੇ ਹੋਂਦ ਵਿੱਚ ਲਿਆਂਦਾ। ਸਮੇਂ ਸਮੇਂ ਗੁਰਦੁਆਰਾ ਐਕਟ ਵਿੱਚ ਲੋੜੀਂਦੀਆਂ ਸੋਧਾਂ ਕਰਕੇ, ਗੁਰਦੁਆਰਾ ਪ੍ਰਬੰਧ ਨੂੰ ਸੁਚਾਰੂਢੰਗ ਨਾਲ ਚਲਾਉਣ ਦੇ ਯਤਨ ਕੀਤੇ ਗਏ। ਇਸ ਕਾਰਜ ਵਿੱਚ ਬਹੁਤ ਹੱਦ ਤੱਕ ਸਫਲਤਾ ਮਿਲੀ ਤੇ ਸਾਂਝੇ ਪੰਜਾਬ ਦੇ ਖਿੱਤੇ ਵਿੱਚ ਆਉਂਦੇ ਗੁਰਦੁਆਰਿਆਂ ਵਿੱਚ ਸਿੱਖ ਮਰਯਾਦਾ ਵਿੱਚ ਇਕਸਾਰਤਾ ਤੇ ਨਿਪੁੰਨਤਾ ਵੀ ਆਈ। ਗੁਰਦੁਆਰਿਆਂ ਦੀਆਂ ਆਲੀਸ਼ਾਨ, ਸੁੰਦਰ ਇਮਾਰਤਾਂ ਬਣੀਆਂ, ਸਰਧਾਲੂਆਂ ਲਈ ਸਹੂਲਤਾਂ ਵਿੱਚ ਬੇਅੰਤ ਵਾਧਾ ਹੋਇਆ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਿਆ, ਸਿੱਖ ਸਮਾਜਿਕ ਤੇ ਸਭਿਆਚਾਰਕ ਕਾਰਜਾਂ ਵਿੱਚ ਵੀ ਬਹੁਤ ਯੋਗਦਾਨ ਦਿੱਤਾ। ਸੰਖੇਪ ਵਿੱਚ, ਗੁਰਦੁਆਰਿਆਂ ਦੇ ਤੇ ਉਨ੍ਹਾਂ ਦੀਆਂ ਸਾਰੀਆਂ, ਬਹੁ-ਪੱਖੀ ਗਤੀਵਿਧੀਆਂ ਵਿੱਚ ਅਣਗਿਣਤ ਵਾਧਾ ਹੋਇਆ। ਸ਼੍ਰੋਮਣੀ ਗੁਰਦੁਆਰਾ ਪੰਬੰਧਕ ਕਮੇਟੀ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਵਸੀਹ ਤੇ ਵਿਲੱਖਣ ਸੰਸਥਾ (Parliament of Sikhs) ਵਜੋਂ ਜਾਣੀ ਜਾਣ ਵਾਲੀ ਸੰਸਥਾ ਬਣ ਕੇ ਸਾਹਮਣੇ ਆਈ। ਹੁਣ ਸਮਾਂ ਹੈ ਇਸ ਸੰਸਥਾ ਦੇ ਤਕਰੀਬਨ ਸੌ ਸਾਲਾਂ ਕਾਰਜ ਕਾਲ ਤੇ ਸਮੁਚੇ ਸਿੱਖ ਗੁਰਦੁਆਰਾ ਪ੍ਰਬੰਧਨ ਦੇ ਵਿਸ਼ਲੇਸ਼ਣ ਤੇ ਮੂਲਾਂਕਣ ਕਰਨ ਦਾ। ਪੂਰੀ ਇਕ ਸਦੀ ਕਿਸੇ ਵੀ ਸੰਸਥਾ ਦੀ ਸਹੀ ਕਾਰਜਕਾਰੀ ਦਾ ਮੁਲਾਂਕਣ ਕਰਨ ਲਈ ਢੁਕਵਾਂ ਪੈਮਾਨਾ ਤੇ ਸਮਾਂ ਇਕਾਈ ਹੈ। ਸਭ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧਨ ਤੇ ਪ੍ਰਬੰਧਕ ਕਮੇਈ ਦੇ ਬੁਨਿਆਦੀ ਢਾਂਚੇ ਜਮਹੂਰੀ ਚੋਣਾਂ ਪ੍ਰਣਾਲੀ Democratic Electoral System ਨੂੰ ਹੀ ਵਾਚਣਾ ਚਾਹੀਦਾ ਹੈ। ਵਿਸ਼ਵ ਭਰ ਵਿੱਚ, ਰਾਜ ਪ੍ਰਬੰਧ (State Governance) (ਗਵਰਨੈਂਸ) ਦੀ ਜਮਹੂਰੀ ਚੋਣ ਪ੍ਰਣਾਲੀ ਦਾ ਮਾਡਲ ਮਨੁੱਖਤਾ ਵਲੋਂ ਹੁਣ ਤੱਕ ਅਪਣਾਈਆਂ ਸਾਰੀਆਂ ਪ੍ਰਬੰਧਨ ਵਿਧੀਆਂ ਵਿੱਚ ਸਭ ਤੋਂ ਵਧਿਆ ਅਤੇ ਕਾਰਗਰ ਪ੍ਰਬੰਧ ਸਾਬਿਤ ਹੋਇਆਂ ਜਾਪਦਾ ਹੈ ਤੇ ਇਸ ਤੋਂ ਚੰਗੇਰੀ ਕੋਈ ਵੀ ਰਾਜ ਪ੍ਰਬੰਧ ਪ੍ਰਣਾਲੀ ਅਜੇ ਤੱਕ ਹੋਂਦ ਵਿੱਚ ਨਹੀਂ ਆਈ। ਸਾਰੇ ਵਿਸ਼ਵ ਦੇ ਬਹੁ-ਗਿਣਤੀ ਰਾਜ ਪ੍ਰਬੰਧ ਥੋੜੇ ਬਹੁਤ ਫਰਕਾਂ ਨਾਲ ਜਮਹੂਰੀ ਹਨ ਤੇ ਬਾਕੀ ਕਈ ਦੇਸ਼ਾਂ ਵਿੱਚ ਇਸ ਵਿਧੀ ਨੂੰ ਅਪਣਾਉਣ ਲਈ ਸੰਘਰਸ਼ ਚੱਲ ਰਹੇ ਹਨ। ਲੇਕਿਨ ਹੋਰ ਸਾਰੇ ਪ੍ਰਚਲਤ Democratic System ਦੀ ਤਰਾਂ ਸਿੱਖ ਗੁਰਦੁਆਰਾਂ ਪ੍ਰਬੰਧਨ ਦੀ Democratic Electoral System ਵਿੱਚ ਵੀ ਕੁਝ ਵਿਗਾੜ ਆਏ ਜਾਪਦੇ ਹਨ।

ਜਦੋਂ ਪਹਿਲੀ ਵਾਰ 1925 ਵਿੱਚ ਗੁਰਦੁਆਰਾ ਐਕਟ ਬਣਿਆ ਉਸ ਵੇਲੇ ਮਾਹੌਲ ਬਹੁਤ ਤਨਾਵ ਭਰਪੂਰ ਅਤੇ ਗਰਮਾਇਆ ਹੋਇਆ ਸੀ ਤੇ ਸਿੱਖ ਕੌਮ ਨੇ ਨਿੱਜੀ ਮਹੰਤਾਂ ਰਾਹੀਂ ਕੀਤੇ ਵੱਡੇ ਪੱਧਰ ਤੇ ਭ੍ਰਿਸ਼ਟਾਚਾਰ ਤੇ ਜੁਲਮਾਂ ਕਾਰਨ ਜਮਹੂਰੀ ਨਿਜ਼ਾਮ (Democratic System) ਨੂੰ ਸਭ ਤੋਂ ਚੰਗੇਰਾ ਸਮਝਦਿਆਂ ਇਹ ਪ੍ਰਬੰਧਨ ਪ੍ਰਣਾਲੀ ਅਪਣਾਈ। ਲੇਕਿਨ ਰਾਜਸੀ ਪ੍ਰਬੰਧਨ ਤੇ ਧਾਰਮਿਕ ਪ੍ਰਬੰਧਨ ਦੇ ਵਿਲੱਖਣ ਸਰੂਪ ਦਾ ਨਿਖੇੜਾ ਉਸ ਸਮੇਂ ਸਿੱਖ ਕੌਮ ਨਹੀਂ ਕਰ ਸਕੀ। ਇਸ ਪ੍ਰਬੰਧ ਵਿੱਚ ਸਮਾਂ ਬੀਤਣ ਨਾਲ, ਸਿਆਸੀ ਜਮਹੂਰੀ ਰਾਜਸੀ (Political Democratic System) ਵਿੱਚ ਆਉਣ ਵਾਲੇ ਵਿਗਾੜਾਂ (defects) ਦੇ ਸਿੱਖਾਂ ਰਾਹੀਂ ਅਪਣਾਏ ਮਿਲਦੇ ਜੁਲਦੇ ਗੁਰਦੁਆਰਾ ਪ੍ਰਬੰਧ ਵਿੱਚ ਆ ਜਾਣ ਦੀ ਸੰਭਾਵਨਾ (Possibility) ਬਾਰੇ ਸਿੱਖ ਕੌਮ ਸਹੀ ਅਨੁਮਾਨ ਨਹੀਂ ਲਾ ਸਕੀ। ਇਸ ਤੋਂ ਉਲਟ, ਗੁਰਦੁਆਰਾ ਐਕਟ ਨੂੰ ਪਹਿਲੀ ਵਾਰ ਪੇਸ਼ ਕਰਨ ਤੇ ਅਹਿਮ ਮਨਜੂਰੀ ਦੇਣ ਵਾਲੇ ਕੁਝ ਕੁ ਗੈਰ ਸਿੱਖ ਸ਼ਾਸ਼ਕਾਂ ਨੂੰ ਇਸ ਤਰ੍ਹਾਂ ਦੇ Model of Religious Governance ਦੀ ਸਫਲਤਾ (success) ਬਾਰੇ ਕੁਝ ਸ਼ੰਕ ਸਨ ਜੋ ਉਨ੍ਹਾਂ ਨੇ ਉਸ ਸਮੇਂ ਪ੍ਰਗਟ ਵੀ ਕੀਤੇ। ਮਿਸਾਲ ਵਜੋਂ, 1925 ਵਿੱਚ ਪੰਜਾਬ ਲੈਜਿਸਲੇਟਿਵ ਅਸੈਂਬਲੀ ਵਿੱਚ ਉਸ ਸਮੇਂ ਗੁਰਦੁਆਰਾ ਬਿਲ ਪੇਸ਼ ਕਰਨ ਵਾਲੇ ਇੰਚਾਰਜ ਮੰਤਰੀ ਸਰ ਫਜ਼ਲ ਹੁਸੈਨ ਦਾ ਕਹਿਣਾ ਸੀ ਕਿ ਸਿੱਖਾਂ ਨੇ ਗੁਰਦੁਆਰਾ ਸੁਧਾਰ ਐਕਟ ਪਾਸ ਕਰਾਕੇ ਇੰਨੀ ਵੱਡੀ ਗਲਤੀ ਕੀਤੀ ਹੈ ਜਿਸ ਦਾ ਖਾਸਿਆਜ਼ਾ ਉਹ ਕਿੰਨੇ ਲੰਮੇ ਸਮੇਂ ਲਈ ਭੁਗਤ ਦੇ ਰਹਿਣਗੇ ਉਸ ਦੀ ਉਹ ਕਲਪਨਾ ਵੀ ਨਹੀ ਕਰ ਸਕਦੇ। ਲਾਰਡ ਮੈਲਕਾਲਮ ਹੈਲੇ ਦਾ ਭਵਿੱਖਬਾਣੀ ਨੁਮਾ ਕਥਨ ਸੀ, "As the Sikhs implement and practice the provisions of this Act, they will experience the raps on their knuckles similar to those suffered by a moving camel around whose neck and heavy metal bell has been loosely hung. ਜੇਕਰ ਇਨ੍ਹਾਂ ਦੋ ਗੈਰ ਸਿੱਖ ਸੂਝਵਾਨ ਸ਼ਖਸੀਅਤਾਂ ਦੇ 1925 ਦੇ ਕਥਨਾਂ ਨੂੰ ਅੱਜ ਦੇ ਗੁਰਦਆਰਾ ਪ੍ਰਬੰਧਨ ਦੇ ਪਰਿਪੇਖ ਵਿੱਚ ਮਿਲਾ ਕੇ ਦੇਖੀਏ ਤਾਂ ਨਿਸ਼ਚਿਤ ਹੀ ਮੌਜੂਦਾ ਗੁਰਦੁਆਰਾ ਪ੍ਰਬੰਧਨ ਦੇ ਇਸ Democratic Electoral System ਵਿੱਚ ਪਏ ਵਿਗਾੜ ਸਪਸ਼ਟ ਨਜਰ ਆਉਂਦੇ ਹਨ। ਤੁਰੇ ਜਾਂਦੇ ਊਠ ਦੇ ਗਲ ਵਿੱਚ ਪਏ ਤੇ ਮਲਕਦੇ ਮੈਟਲ ਟੱਲ (Metal Bell) ਰਾਹੀਂ ਉਸਦੇ ਗੋਡੇ ਗਿੱਟੇ ਭੰਨਣ ਦੀ ਇਹ ਮਿਸਾਲ ਸਿੱਖਾਂ ਰਾਹੀਂ ਚੁਣੀ ਗਈ ਸਿਰਮੌਰ ਧਾਰਮਿਕ ਸੰਸਥਾਂ ਦੇ ਪ੍ਰਬੰਧਨ ਵਿੱਚ ਆਏ ਵਿਗਾੜਾਂ ਵੱਲ ਇਸ਼ਾਰਾ ਕਰਦੀ ਹੈ। ਮੌਜੂਦਾ ਸਮੇਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣ ਵਾਲੇ ਪ੍ਰਬੰਧਨ ਵਿੱਚ ਉਹ ਸਾਰੇ ਵਿਗਾੜ ਪੈ ਗਏ ਹਨ ਜੋ ਅੱਜ ਦੇ ਨਿਰੋਲ ਸਿਆਸੀ ਚੋਣ ਵਿੱਚ ਪਏ

ਹੋਏ ਹਨ। ਇਸ ਸਮੇਂ ਇਸ ਸੰਸਥਾਂ ਦੇ ਚੁਣੇ ਗਏ ਉਮੀਦਵਾਰਾਂ ਵਿੱਚ ਨਾਂ ਤਾਂ ਪੁਰਾਤਨ ਨੁਮਾਇੰਦਾ (representaive) ਸਿੱਖਾਂ ਵਰਗੀ ਨਿਸ਼ਕਾਮ ਸੇਵਾ ਭਾਵਨਾਂ ਤੇ ਧਰਮ ਪ੍ਰਤੀ ਵਚਨਬੱਧਤ ਹੈ ਤੇ ਨਾ ਹੀ ਉਨ੍ਹਾਂ ਵਿੱਚ ਆਪਣੀ ਨੁਮਾਇੰਦਗੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਵਾ ਕਰਨ ਦੀ ਵਰਤੋਂ ਕੀਤੀ ਜਾ ਰਹੀ ਹੈ। ਸੱਤਾ ਤੇ ਕਾਬਜ ਧੜੇ ਦੀ ਸਿੱਖ ਸਿਆਸਤ, ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਮਹੂਰੀ ਢੰਗ ਨਾਲ ਚੁਣੀ ਗਈ ਨੁਮਾਇੰਦਾ ਸੰਸਥਾਂ ਹੋਣ ਦੇ ਬਾਵਜੂਦ ਵੀ, ਇਸ ਦੇ ਹਰ ਕਾਰਜ ਖੇਤਰ ਤੇ ਮੁਕੰਮਲ ਤੌਰ ਤੇ ਭਾਰੂ। ਅਸਲ ਵਿੱਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਭਵਿੱਖਤ ਸਿਆਸੀ ਨੁਮਾਇੰਦਗੀ ਲਈ ਤਿਆਰੀ ਰਿਹਸਲ ਤੇ ਲਾਂਚਇੰਗ ਪੈਡ ਮੰਨੀ ਜਾਂਦੀ ਹੈ। ਸਿੱਖ ਧਰਮ ਦੇ ਮੀਰੀ ਪੀਰੀ ਦੇ ਸਿਧਾਂਤ ਅਨੁਸਾਰ ਸਿੱਖ ਮੀਰੀ ਨੇ ਸਿੱਖ ਪੀਰੀ ਦੇ ਅਧੀਨ ਤੇ ਅਨੁਸਾਰੀ ਹੋ ਕੇ ਕਾਰਜ ਕਰਨਾ ਸੀ ਤੇ ਪੀਰੀ ਨੇ ਮੀਰੀ ਨੂੰ ਹਰ ਅਨੈਤਿਕ, ਸਿੱਖ ਵਿਰੋਧੀ ਕਾਰਜ ਕਰਨ ਤੋਂ ਵਰਜਣਾ ਸੀ ਤੇ ਸਿੱਖ ਧਰਮ ਤੇ ਸਿੱਖੀ ਦੀ ਨਿਰੋਲ ਜੀਵਨ ਦੇਣ ਵਾਲੀ ਮੁੱਖ ਧਾਰਾ ਨੂੰ ਸਹਿਜਤਾ ਨਾਲ ਵਗਦੇ ਰੱਖਣਾ ਸੀ। ਲੇਕਿੰਨ ਅੱਜ ਸਿੱਖ ਮੀਰੀ  ਸਿੱਖ ਪੀਰੀ ਤੇ ਏਨੀ ਭਾਰੂ ਹੋ ਗਈ ਹੈ ਕਿ ਉਹ ਸਿੱਖ ਧਰਮ ਦੇ ਨਿਰਮਲ ਪੰਥ ਤੇ ਸਿੱਖ ਸਮਾਜਕ ਤੇ ਸਿੱਖ ਸਭਿਆਚਾਰਕ ਜੀਵਨ ਧਾਰਾ ਨੂੰ ਬੁਰੀ ਤਰ੍ਹਾਂ ਗੰਧਲਾ ਤੇ ਵਿਸ਼ੈਲਾ ਕਰ ਰਹੀ ਹੈ। ਸੌੜੀ, ਨਿੱਜੀ ਸਖਸ਼ੀਅਤ, ਆਪਹੁਦਰੀ ਤੇ ਜਗੀਰੂਪ੍ਰਵਿਰਤੀ ਵਾਲੀ ਮੌਜੂਦਾ ਸਿਆਸਤ ਗੁਰਦੁਆਰਾ ਪ੍ਰਬੰਧਨ ਤੇ ਪੂਰੀ  ਤਰ੍ਹਾਂ ਹਾਵੀ ਹੋ ਚੁੱਕੀ ਹੈ। ਸਿੱਖ ਕੌਮ ਨੂੰ ਸਿੱਖ ਮੀਰੀ ਦੇ ਸਿੱਖ ਪੀਰੀ ਤੇ ਭਾਰੂਹੋਣ ਦਾ ਗੰਭੀਰਤਾ ਨਾਲ ਨੋਟਿਸ ਲੈਣਾ ਚਾਹੀਦਾ ਹੈ ਤੇ ਸਿੱਖਾਂ ਦੀ ਇਸ ਸਿਰਮੌਰ ਸੰਸਥ ਨੂੰ ਅਜੋਕੀ ਕੁਚੱਲ ਮੀਰੀ ਤੇ ਇਸਦੀ ਆਕਟੋਪਸ (Octopus) ਨੁਮਾ ਜਕੜ ਤੇ ਪਕੜ ਤੋਂ ਬਚਾਉਣ ਲਈ ਠੋਸ ਯਤਨ ਕਰਨੇ ਚਾਹੀਦੇ ਹਨ। ਬਾਬਾ ਖੜਕ ਸਿੰਘ ਜਿਹੇ ਨਿਸ਼ਕਾਮ, ਸੱਚੇ ਸੁਚੇ ਸਿੱਖੀ ਜੀਵਨ ਵਾਲੇ ਨੁਮਾਇੰਦੇ ਚੁਣੇ ਜਾਣੇ ਚਾਹੀਦੇ ਹਨ। ਜਿਥੋਂ ਤੱਕ ਡੈਮੋਕਰੇਟਿਕ ਇਲੈਕਸ਼ਨ ਪ੍ਰਣਾਲੀ ਦਾ ਸੰਬੰਧ ਹੈ ਇਹ ਪ੍ਰਣਾਲੀ ਅਜੇ ਵੀ ਸਾਰਥਿਕ ਹੈ ਤੇ ਇਸਦਾ ਕੋਈ ਨਵਾਂ ਤੇ ਚੰਗੇਰਾ ਬਦਲ ਅਜੇ ਤੱਕ ਹੋਂਦ ਵਿੱਚ ਨਹੀਂ ਆਇਆ। ਲੋੜ ਹੈ ਇਸ ਪ੍ਰਣਾਲੀ ਵਿੱਚ ਆਏ ਵਿਗਾੜਾਂ ਨੂੰ ਠੀਕ ਕਰਨਾ, ਧਾਰਮਿਕ ਚੋਣਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਰੱਖਣਾ ਤੇ ਸਿੱਖ ਵੋਟਰਾਂ ਨੂੰ ਸੂਝਵਾਨ, ਚੇਤਨ ਤੇ ਜ਼ਿੰਮੇਵਾਰ ਬਣਾਉਣਾ। ਸਿੱਖ ਕੌਮ ਦੇ Moral Pressure ਬਣਾਉਣ ਤੋਂ ਇਲਾਵਾ ਇਸ ਦਾ ਕੋਈ ਹੋਰ ਬਦਲ ਜਾ ਇਲਾਜ ਨਹੀਂ ਹੈ। ਸਹੀ ਲੋਕ ਰਾਇ ਹੀ ਇਸ ਨੂੰ ਠੱਲ ਪਾ ਸਕਦੀ ਹੈ। ਸਿੱਖ ਬੁਧੀਜੀਵੀਆਂ, ਸਿੱਖ ਵਿਦਵਾਨਾਂ ਤੇ ਸਿੱਖ ਪ੍ਰਚਾਰਕਾਂ ਨੂੰ ਸਹੀ ਲੋਕ ਰਾਇ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਾਂ

ਚਾਹੀਦਾ ਹੈ। ਸਿੱਖ ਗੁਰੂਦੁਆਰਾ ਪ੍ਰਬੰਧਨ ਵਿੱਚ ਆਏ ਵਿਗਾੜ ਤੇ ਇਸ ਦੇ ਨਾਕਸ ਹੋਣ ਦਾ ਸਭ ਤੋਂ ਵੱਧ ਸੰਕੇਤ ਇਸ ਗੱਲ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਪ੍ਰਬੰਧ ਨੂੰ remote control ਨਾਲ ਚਲਾ ਰਹੇ ਇਸਦੇ ਸਿਆਸੀ ਸੰਚਾਲਕਾਂ ਦਾ ਆਪਣਾ ਵਿਸ਼ਵਾਸ ਵੀ ਇਸ ਪ੍ਰਬੰਧਕ ਢਾਂਚੇ ਤੋਂ ਉੱਠ ਗਿਆ ਲੱਗਦਾ ਹੈ। ਹੁਣ ਉਨ੍ਹਾਂ ਨੇ ਗੁਰਦਵਾਰਾ ਪ੍ਰਬੰਧ ਨੂੰ ਸੁਚਾਰੂਢੰਗ ਨਾਲ ਚਲਾਉਣ ਲਈ ਇਸਨੂੰ ਕਾਰਪੋਰੇਟ ਵਰਲਡ ਬੈਕਿੰਗ ਖਿੱਤੇ ਤੋਂ ਸੇਵਾਮੁਕਤ ਕਾਰਕੁੰਨ ਨੂੰ ਬਹੁਤ ਮੋਟੀ ਤਨਖਾਹ ਦੇ ਕੇ ਉਸਨੂੰ ਬਹੁਤ ਉੱਚ ਪਦਵੀ ਤੇ ਲਗਾ ਕੇ ਗੁਰਦੁਆਰਾ ਮੈਨੇਜਮੈਂਟ ਵਿੱਚ ਇੱਕ parrallel power center ਕਾਇਮ ਕਰ ਦਿੱਤਾ ਹੈ। ਨਤੀਜੇ ਵਜੋਂ, ਹੁਣ ਸਿੱਖ ਗੁਰਦਵਾਰਾ ਐਕਟ ਮੁਤਾਬਿਕ ਬਣਿਆ ਗੁਰਦਵਾਰਾ ਪ੍ਰਬੰਧ ਨਾ ਹੀ ਪੂਰੀ ਤਰ੍ਹਾਂ ਜਮਹੂਰੀ (Dmocratic) ਹੈ ਤਾਂ ਨਹੀਂ ਪੂਰੀ ਤਰ੍ਹਾਂ ਕਾਰਪੋਰੇਟ ਹੈ। ਕੀ ਸ਼ਾਸ਼ਕ ਧਿਰ ਨੇ ਆਪ ਹੀ ਸਮੁੱਚੇ ਸਿੱਖ ਪੰਥ ਵਲੋਂ ਅਪਣਾਏ ਇਸ ਪ੍ਰਬੰਧਨ ਪ੍ਰਣਾਲੀ ਨੂੰ ਅਸੰਗਤ Irrelevant ਤੇ ਨਿਅਸਰ (ineffective) ਨਹੀਂ ਕਰ ਦਿੱਤਾ? ਇਹ ਗੰਭੀਰ ਵਿਸ਼ਲੇਸ਼ਣ ਤੇ ਵਿਚਾਰ ਦਾ ਵਿਸ਼ਾ ਹੈ।

## 6. ਗੁਰਦੁਆਰਾ ਫੰਡ ਦੀ ਵਰਤੋਂ /Utilization of Gurdwara Funds

ਇਸ ਤੋਂ ਇਵਾਲਾ ਗੁਰਦੁਆਰਾ ਫੰਡਜ਼ ਦੀ ਵਰਤੋਂ ਬਾਰੇ ਪੁਨਰ ਵਿਚਾਰ ਹੋਣਾ ਚਾਹੀਦਾ ਹੈ। ਸਮੇਂ ਸਮੇਂ ਸਿਰ ਗੁਰਦੁਆਰਾ ਸੰਸਥਾ ਸਿੱਖ ਕੌਮ ਦੇ ਦਰਪੇਸ਼ ਚੁਣੌਤੀਆਂ ਤੇ ਲੋੜਾਂ ਮੁਤਾਬਿਕ ਆਪਣੇ ਸਾਧਨਾਂ ਦੀ ਵਰਤੋਂ ਕਰਦੀ ਰਹੀ ਹੈ। ਹਰ ਯੁੱਗ ਵਿੱਚ ਹੋਰ ਧਰਮਾਂ ਵਾਂਗੂਸਿੱਖ ਧਰਮ ਤੇ ਸਿੱਖ ਸਮਾਜ ਆਪਣੀਆਂ ਪਹਿਲਤਾਵਾਂ Priorities ਵਿੱਚ ਤਬਦੀਲੀ ਕਰਦਾ ਆਇਆ ਹੈ ਤੇ ਸਮੇਂ ਦਾ ਹਾਣੀ ਬਣਦਾ ਆਇਆ ਹੈ। ਸਿੱਖ ਵਿਦਵਾਨ, ਬੁੱਧੀਜੀਵੀ ਤੇ ਵਿਦੇਸ਼ਾਂ ਵਿਚ ਵਸਦੇ ਕੁਝ ਸੂਝਵਾਨ ਸੰਵੇਦਨਸ਼ੀਲ ਸਿੱਖ, ਸਿੱਖ ਕੌਮ ਨੂੰ ਉਸਦੀ ਕੌਮੀ ਸੰਘਰਸ਼, ਕੁਰਬਾਨੀਆਂ ਤੇ ਘੱਟ ਗਿਣਤੀ ਕੌਮ ਹੋਣ ਕਾਰਨ, ਯਹੂਦੀ ਕੌਮ ਦੇ ਮਿਲਦੇ ਜੁਲਦੇ ਇਤਿਹਾਸ ਕਾਰਨ ਸਿੱਖ ਕੌਮ ਦੀ ਯਹੂਦੀ ਕੌਮ ਨਾਲ ਤੁਲਨਾ ਕਰਦੇ ਹਨ। ਮੌਜੂਦਾ ਯੁੱਗ ਵਿੱਚ ਵਿਸ਼ਵ ਭਰਦੇ ਆਰਥਿਕ ਢਾਂਚੇ ਤੇ ਅੰਤਰਰਾਸ਼ਟਰੀ ਹਾਲਾਤ ਤੇ ਯਹੂਦੀ ਕੌਮ ਦੀ ਸਰਦਾਰੀ ਨੂੰ ਵੀ ਸਵਿਕਾਰਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਯਹੂਦੀ ਕੌਮ ਦੀ ਆਧੁਨਿਕ ਯੁਗ ਵਿੱਚ ਸਫਲਤਾ ਦਾ ਇਕੋ ਇਕ ਕਾਰਨ ਉਸ ਕੌਮ ਵਲੋਂ ਆਪਣੀ ਕੌਮ ਦੀਆਂ

ਨਵੀਆਂ ਪੀੜੀਆਂ ਨੂੰ ਪੂਰੀ ਤਰ੍ਹਾਂ ਸਿਖਿਅਤ ਤੇ Empower ਕਰਨਾ ਸੀ ਤੇ ਹੈ। ਮੌਜੂਦਾ ਯੁੱਗ ਵਿੱਚ ਸਹੀ ਕਿੱਤਾ ਮੁੱਖੀ ਗੁਣਵਤਤਾ ਵਾਲੀ ਸਿੱਖਿਆ, (ਕੁਆਲਟੀ ਐਜੁਕੇਸ਼ਨ) ਹੀ ਕਿਸੇ ਕੌਮ ਨੂੰ ਸ਼ਕਤੀਸ਼ਾਲੀ ਬਨਾਉਣ ਦਾ ਸਭ ਤੋਂ ਵਧੀਆ ਸਾਧਨ ਹੈ। ਇਸ ਕਾਰਜ ਦੀ ਸਿੱਧੀ ਲਈ ਚੋਖੇ ਵਿੱਤੀ ਫੰਡ ਦੀ ਲੋੜ ਹੈ। ਯਹੂਦੀ ਮਾਡਲ ਤੇ ਚਲਦਿਆਂ ਸਿੱਖ ਕੌਮ ਨੂੰ ਗੁਰਦੁਆਰਾ ਫੰਡਜ਼ ਦੇ ਨਿਗਰ ਹਿੱਸੇ ਦੀ ਵਰਤੋਂ ਸਿੱਖਿਆ ਪ੍ਰਦਾਨ ਕਰਨ ਲਈ ਕਰਨੀ ਚਾਹੀਦੀ ਹੈ। ਸਿੱਖ ਕੌਮ ਵਿੱਚ ਧਾਰਮਿਕ ਸਥਾਨਾਂ ਪਾਸ ਖਾਸ ਕਰ ਗੁਰਦੁਆਰਿਆਂ ਵਿੱਚ ਸ਼ਰਧਾਂ ਸਹਿਤ ਬਹੁਤ ਮਾਇਆ ਅਰਪਣ ਹੁੰਦੀ ਹੈ। ਇਸ ਮਾਇਆ ਦੀ ਵਰਤੋਂ ਕੌਮ ਦੀਆਂ ਆਧੁਨਿਕ ਲੋੜਾਂ ਦੀ ਪੂਰਤੀ ਲਈ ਹੋਣੀ ਚਾਹੀਦੀ ਹੈ। ਹਰ ਛੋਟੇ ਵੱਡੇ ਗੁਰਦੁਆਰੇ ਨੂੰ ਆਪਣੀ ਆਮਦਨ ਦਾ ਘੱਟੋ ਘੱਟ 10% ਹਿੱਸਾ ਵਿਦਿਆਂ ਕਾਰਜਾਂ ਤੇ ਖਰਚ ਕਰਨਾ ਚਾਹੀਦੀ ਹੈ। ਇਸ ਕੰਮ ਲਈ ਕੋਈ ਸਾਂਝਾ ਵੰਡ ਬਣ ਤਾਂ ਸਕੇ ਹੋਰ ਵੀ ਚੰਗੀ ਗੱਲ ਹੈ। ਨਹੀਂ ਤਾਂ ਹਰ ਗੁਰਦਵਾਰਾ ਆਪਣੇ ਆਪਣੇ ਵਿੱਤੀ ਕਦ ਮੁਤਾਬਕ ਲੋੜਵੰਦ ਸਿੱਖ ਵਿਦਿਆਰਥੀਆਂ ਮਾਇਕ ਸਹਾਇਤਾ ਦੇ ਸਕਦਾ ਹੈ। ਸਿੱਖ ਕੌਮ ਜਿਹੀ ਉਦਾਰਚਿਤ, ਸੰਪਨ ਤੇ ਸ਼ਰਧਾਵਾਨ ਕੌਮ ਲਈ Education/ ਸਿਖਿਆ ਨੂੰ ਸਹੀ Priority ਬਣਾਕੇ ਯਹੂਦੀ ਕੌਮ ਵਾਂਗੂਵਿਸ਼ਵ ਭਰ ਵਿਚ ਆਪਣੀ ਸਹੀ ਪਛਾਣ ਬਣਾਈ ਜਾ ਸਕਦੀ ਹੈ। ਹਰ ਰੋਜ਼ ਸਿੱਖ ਅਰਦਾਸ ਦੇ ਅੰਤ ਵਿਚ ਉਚਾਰਣ ਕੀਤਾ ਜਾਣ ਵਾਲਾ ਆਦਰਸ਼ "ਰਾਜ ਕਰੇਗਾ ਖਾਲਸਾ" ਹਰ ਸਿੱਖ ਬੱਚੇ ਨੂੰ ਪੂਰੀ ਤਰ੍ਹਾਂ ਸਿਖਿਅਤ ਕਰਕੇ ਹੀ ਪੂਰਾ ਹੋ ਸਕਦਾ ਹੈ। ਗੁਰਦੁਆਰਾ ਸੰਸਥਾ ਇਸ ਕਾਰਜ ਵਿਚ ਸਭ ਤੋਂ ਵੱਧ ਯੋਗਦਾਨ ਪਾ ਸਕਦੀ ਹੈ। ਗੁਰਦਵਾਰਾ ਪ੍ਰਬੰਧਨ ਨੂੰ ਆਪਣੀਆਂ Priorities ਵਿਚ ਪਰਿਵਰਤਨ ਕਰਨਾ ਚਾਹੀਦਾ ਹੈ ਤੇ ਵਿਦਿਆ ਨੂੰ ਸਹੀ ਅਰਥਾਂ ਵਿਚ ਪਰਉਪਕਾਰੀ ਬਣਾਉਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਦਿਆ ਖੇਤਰ ਵਿੱਚ ਨਿੱਗਰ ਯੋਗਦਾਨ ਪਾਇਆ ਜਾ ਰਿਹਾ ਹੈ ਤੇ ਉਸ ਦੀਆਂ ਕਾਫੀ ਗਿਣਤੀ ਵਿੱਚ ਵਿਦਿਅਕ ਸੰਸਥਾਵਾਂ ਵਿਦਿਆ ਪ੍ਰਦਾਨ ਕਰ ਰਹੀਆਂ ਹਨ। ਇਹ ਸ਼ਲਾਘਾ ਯੋਗ ਕਾਰਜ ਹੈ। ਇਸ ਕਾਰਜ ਵਿੱਚ ਹੋਰ ਵਾਧਾ ਹੋਣਾ ਚਾਹੀਦਾ ਹੈ ਤੇ ਇਸ ਦੀਆਂ ਵਿਦਿਅਕ ਸੰਸਕਾਵਾ ਦੀ Accreditation ਵੀ ਹੋਣੀ ਚਾਹੀਦੀ ਹੈ। ਸੁਚੱਜਾ ਸਿੱਖੀ ਪ੍ਰਚਾਰ ਤੇ

ਸੁੱਚਜੀ ਸਿਖਿਆ ਹੀ ਸਿੱਖ ਕੌਮ ਦਾ ਭਵਿੱਖ ਉਜਲਾ ਕਰ ਸਕਦੀ ਹੈ। ਇਨ੍ਹਾਂ ਦੋਵੇਂ ਕਾਰਜਾਂ ਨੂੰ Topmost Priority ਦੇਣੀ ਬਣਦੀ ਹੈ।

7. **ਡੇਰਾਵਾਦ – Deravad**

ਅਜੋਕੇ ਯੁੱਗ ਵਿਚ ਗੁਰਦਵਾਰਾ ਸਕੰਲਪ, ਗੁਰਦਵਾਰਾ ਸੰਸਥਾ ਤੇ ਗੁਰਦਵਾਰਾ ਗੋਲਕ ਨੂੰ ਮੌਜੂਦਾ ਯੁੱਗ ਵਿਚ ਜਿਨੀ ਢਾਹ, ਜਿਸ ਤੇਜ਼ੀ, ਆਕਾਰ ਤੇ ਗਿਣਤੀ ਨਾਲ ਵੱਧ ਰਿਹਾ ਡੇਰਾਵਾਦ ਲਾ ਰਿਹਾ ਹੈ, ਸ਼ਾਇਦ ਹੀ ਹੋਰ ਕੋਈ ਗਤੀਵਿਧੀ ਜਾਂ ਸੰਸਥਾ ਲਾ ਰਹੀ ਹੋਵੇ। ਇਕ ਅਨੁਸਾਰ ਇੱਕਲੇ ਪੰਜਾਬ ਪ੍ਰਾਂਤ ਵਿਚ ਹੀ ਜਿਨੀ ਕੁਲ ਪਿੰਡਾਂ ਦੀ ਗਿਣਤੀ ਹੈ ਉਨੇ ਹੀ ਛੋਟੇ ਵੱਡੇ ਗੁਰਦਵਾਰੇ ਨੁਮਾ ਡੇਰੇ ਹਨ। ਉਨ੍ਹਾਂ ਵਿਚ ਥੋੜੇ ਜਿਹੇ ਸਿੱਖ ਆਦਾਰਿਆਂ ਨੂੰ ਛੱਡ ਕੇ ਕਾਫੀ ਡੇਰਿਆਂ ਦੀ ਸਾਰੀ ਮਰਿਆਦਾ ਵੀ ਵਖਰੇਵੇਂ ਵਾਲੀ ਹੈ। ਇਨ੍ਹਾਂ ਡੇਰਿਆਂ ਦੀ ਸਾਰੀ ਸੰਪਤੀ ਵਿਅਕਤੀਗਤ ਮਲਕੀਅਤ ਅਧੀਨ ਹੈ ਅਤੇ ਸਾਰਾ ਚੜ੍ਹਾਵਾ ਵੀ ਇਨ੍ਹਾਂ ਦੀ ਚਲ-ਅਚਲ ਸੰਪਤੀ ਵਿਚ ਵਾਧਾ ਕਰਦਾ ਹੈ। ਡੇਰੇਦਾਰਾਂ ਨੇ ਕੁਝ ਲੋਕ-ਭਲਾਈ ਵਾਲੇ ਵਿਦਿਆਕ ਸਕੂਲ ਅਤੇ ਹੋਰ ਅਧਾਰੇ ਵੀ ਖੋਲ੍ਹ ਰੱਖੇ ਹਨ ਪਰ ਉਨ੍ਹਾਂ ਦੀ ਦਾਖਲਾ ਫੀਸ ਅਤੇ ਟਿਊਸ਼ਨ ਫੀਸ ਕਹਿੰਦੇ-ਕਹਾਉਂਦੇ ਪਬਲਿਕ ਸਕੂਲ ਜਾਂ ਕੌਨਵੈਂਟ ਸਕੂਲਾਂ ਦੀਆਂ ਫੀਸਾਂ ਤੋਂ ਘੱਟ ਨਹੀਂ। ਗਰੀਬ ਤੇ ਲੋੜਵੰਦ ਸਿੱਖ ਵਿਦਿਆਰਥੀਆਂ ਲਈ ਫੀਸ ਵਿਚ ਕੋਈ ਛੂਟ ਨਹੀਂ ਦਿੱਤੀ ਜਾਂਦੀ। ਇਨ੍ਹਾਂ ਸੰਸਥਾਵਾਂ ਨੂੰ ਨਿਰੋਲ ਮਾਇਕ/ਵਿਤੀ ਮੁਨਫੇ ਦੇ ਆਧਾਰ ਤੇ ਹੀ ਚਲਾਇਆ ਜਾ ਰਿਹਾ ਹੈ। ਇਨ੍ਹਾਂ ਡੇਰਿਆਂ ਵਿਚ ਕੀਤੇ ਜਾ ਰਹੇ ਕੀਰਤਨ ਵਿਚ ਕੱਚੀ ਬਾਣੀ ਦੀ ਭਰਮਾਰ ਹੈ ਤੇ ਇਨ੍ਹਾਂ ਦੇ ਪ੍ਰਚਾਰ ਦੀ ਰੰਗਤ ਵਿਚ ਹਿੰਦੂਵੈਦਿਕ ਤੇ ਪੁਰਾਣਿਕ ਪੁੱਠ ਚੜੀ ਹੁੰਦੀ ਹੈ। ਜਿਸ ਕਾਰਨ ਗੁਰਬਾਣੀ ਵਿਚ ਆਏ ਮਿਥਿਆਸਕ ਪ੍ਰਮਾਣਾਂ ਉੱਤੇ ਗੁਰਬਾਣੀ ਸੰਦੇਸ਼ ਨਾਲੋ ਅਧਿਕ ਜ਼ੋਰ ਦਿੱਤਾ ਜਾਂਦਾ ਹੈ। ਕਈ ਸੰਤ ਬਾਬੇ ਆਪਣੇ ਪੈਰੋਕਾਰਾਂ ਨੂੰ ਕਿਸੇ ਗੁਰਬਾਣੀ ਸ਼ਬਦ ਨੂੰ ਮੰਤਰ ਸਿੱਧੀ, ਕਾਰਜ ਸਿੱਧੀ ਅਤੇ ਹੋਰ ਪਰਪੰਚਾਂ ਲਈ ਉਸ ਸ਼ਬਦ ਦਾ ਬਾਰ-ਬਾਰ ਜਾਪ ਕਰਨ ਅਤੇ ਬਾਰ-ਬਾਰ ਰੱਟਣ ਕਰਨ ਲਈ ਕਹਿੰਦੇ ਹਨ। ਡੇਰੇਦਾਰਾਂ ਦੀ ਗੁਰਦਵਾਰਿਆਂ ਵਿਚ ਜਾਂਦੀ ਸਾਰੀ ਮਾਇਆ ਸਿੱਖ ਗੁਰਦਵਾਰਾ ਗੋਲਕ ਤੇ ਉਸ ਰਾਹੀਂ ਸਿੱਖ ਪੰਥ ਦੀ ਕੀਤੇ ਜਾਣ ਵਾਲੇ ਭਲਾਈ ਕਾਰਜਾਂ ਦਾ ਭਾਰੀ ਨੁਕਸਾਨ ਕਰ ਰਹੀ ਹੈ। ਡੇਰਾਵਾਦ

ਸਿੱਖ ਸਿਧਾਂਤ "ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ ਦੀਦਾਰ ਖਾਲਸੇ ਕਾ" ਦਾ ਸਿੱਧਾ ਉਲੰਘਣ ਹੈ ਜਿਸ ਵਿਚ ਵਿਅਕਤੀ ਵਿਸ਼ੇਸ਼ ਪੂਜਾ, ਮਿਥਿਹਾਸਕ ਦੇਵੀ ਦੇਵਤਿਆਂ ਦੀ ਮਹਿਮਾ, ਸ਼ਖ਼ਸ਼ੀ ਪੂਜਾ (personality culture) ਤੇ ਕਿਸੇ ਸੰਪਰਦਾਇ ਆਦਿ ਦਾ ਗੁਣਗਾਨ ਪ੍ਰਧਾਨ ਹੈ। ਡੇਰਾਵਾਦ ਵੱਲ ਵੱਧਦਾ ਸਿੱਖ ਰੁਝਾਨ ਸਿੱਖ ਗੁਰਦਵਾਰਾ ਸੰਕਲਪ ਤੇ ਸਿੱਖੀ ਰਹੁ-ਰੀਤਾਂ ਦਾ ਅਕਸ ਵਿਗਾੜ ਰਿਹਾ ਹੈ। ਡੇਰਾਵਾਦ ਦਾ ਸਿਆਸੀ ਸਮਰਥਨ ਇਸ ਨੂੰ ਹੋਰ ਮਜ਼ਬੂਤ ਤੇ ਵਿਸ਼ਾਲ ਕਰ ਰਿਹਾ ਹੈ। ਸਿੱਖ ਕੌਮ, ਸਿੱਖ ਸੰਸਥਾਵਾਂ ਨੂੰ ਇਸ ਰੁਝਾਨ ਨੂੰ ਰੋਕਣ ਦੇ ਨਿੱਗਰ ਯਤਨ ਕਰਨੇ ਚਾਹੀਦੇ ਹਨ।

8. ਜਾਤਪਾਤ ਅਧਾਰਿਤ ਗੁਰਦੁਆਰੇ

ਜਾਤ, ਪਾਤ, ਬਰਾਦਰੀਆਂ ਦੇ ਨਾਂ ਤੇ ਬਣੇ ਤੇ ਬਣ ਰਹੇ ਗੁਰਦਵਾਰੇ ਵੀ ਗੁਰਦਾਵਾਰਾ ਸੰਕਲਪ ਤੇ ਸੰਸਥਾ ਦੀ ਜ਼ਾਤਪਾਤ ਰਹਿਤ, ਸਰਬਤ ਦੇ ਭਲੇ, ਸਮਦ੍ਰਿਸ਼ਟਤਾ ਤੇ ਵਿਸ਼ਵਵਿਆਪੀ ਸਰੂਪ ਨੂੰ ਕਲੰਕਿਤ ਕਰਦੀ ਹੈ। ਇਹ ਵਿਗਾੜ ਗੁਰਦਵਾਰਾ ਪ੍ਰਬੰਧ ਵਿਚ ਸਿੱਖ ਸੰਗਤ ਦੇ ਸਾਰੇ ਵਰਗਾਂ ਨੂੰ ਲੋੜੀਂਦੀ ਨੁਮਾਇੰਦਗੀ ਨਾ ਦੇਣ ਕਾਰਨ ਪੈਦਾ ਹੋਇਆ ਹੈ। ਸਿੱਖ ਵਰਗ ਦੇ ਦਲਿਤ ਵਰਗ ਵਲੋਂ ਥਾਂ-ਥਾਂ ਬਣਾਏ ਜਾ ਰਹੇ ਗੁਰਦਵਾਰੇ ਜਾਂ ਰਵਿਦਾਸ ਭਵਨ, ਰਾਮਗੜੀਆਂ ਭਵਨ, ਲੁਬਾਣਾ ਭਵਨ ਆਦਿ ਇਸ ਵਿਗਾੜ ਦਾ ਸੰਕੇਤ ਹਨ। ਉਹ ਦਿਨ ਵੀ ਦੂਰ ਨਹੀਂ ਜਦੋਂ ਸਹਿਜਧਾਰੀ ਸਿੱਖ ਗੁਰਦੁਆਰੇ ਵੀ ਹੋਂਦ ਵਿੱਚ ਆ ਜਾਣਗੇ। ਇਹ ਸਾਰੀਆਂ ਬਿਪਰਨ ਦੀਆਂ ਰੀਤਾਂ ਹਨ ਤੇ ਗੁਰਦਵਾਰਾ ਸੰਕਲਪ ਦੇ ਵਿਸ਼ਵ ਵਿਆਪੀ, ਸਾਰੀ ਮਾਨਵਤਾ ਲਈ ਬਣਾਏ ਗਏ ਵਿਤਕਰੇ ਰਹਿਤ ਤੇ ਇਸ ਤੇ ਆਧਾਰਿਤ ਸੰਸਥਾ ਨੂੰ ਤੇ ਇਸ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਸੰਕਰੀਣ ਤੇ ਸਕੁੰਚਿਤ (narrow & sectarian) ਖਾਨਿਆਂ ਵਿਚ ਵੰਡ ਰਹੇ ਹਨ।

9. ਫੁਟਕਲ ਗਤੀਵਿਧੀਆਂ

ਬੇਲੋੜੀ ਸ਼ਰਧਾਹੀਣ, ਦਿਸ਼ਾਹੀਣ, ਮਹਿਜ਼ ਪ੍ਰਦਰਸ਼ਨੀ ਕੇਂਦਰਿਤ ਅਣਗਿਣਤ ਨਗਰ ਕੀਰਤਨ, ਜਲੂਸ, ਪੁਰਬ, ਸ਼ਤਾਬਦੀਆਂ, ਅਰਧ ਸ਼ਤਾਬਦੀਆਂ ਤੇ ਸਿੱਖ ਕੌਮ ਦੇ ਸਿੱਖ ਸੰਗਤ ਦਾ

ਬੇਤਹਾ ਸਰਮਾਇਆ ਖਰਚਿਆ ਜਾ ਰਿਹਾ ਹੈ। ਇਸ ਨਾਲ ਨਾ ਸਿੱਖ ਧਰਮ ਨੂੰ, ਨਾ ਸਿੱਖ ਸਭਿਆਚਾਰ ਨੂੰ ਤੇ ਨਾ ਹੀ ਸਿੱਖ ਪ੍ਰਚਾਰ ਨੂੰ ਕੋਈ ਲਾਭ ਹੋ ਰਿਹਾ ਹੈ। ਇਨ੍ਹਾਂ ਫਜੂਲ ਰੁਝਾਨਾਂ ਨੂੰ ਬਦਲ ਕੇ ਸਹੀ ਟੀਚੇ Priorities/Targets ਨਿਸ਼ਚਤ ਕਰਨੇ ਚਾਹੀਦੇ ਹਨ।

ਉਮੀਦ ਹੈ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਰਾਹੀ ਆਯੋਜਿਤ ਕੀਤੇ ਜਾ ਰਹੇ ਇਸ ਦੋ ਦਿਨਾਂ ਸੈਮੀਨਾਰ ਵਿੱਚ ਭਾਗ ਲੈ ਰਹੇ ਵਿਦਵਾਨ, ਵਕਤਾ ਤੇ ਸਰੋਤੇ ਗੁਰਦਵਾਰਾਂ ਸੰਸਥਾ ਨਾਲ ਇਨ੍ਹਾਂ ਜੁੜੇ ਸਾਰੇ ਸਰੋਕਾਰਾਂ ਤੇ ਗੰਭੀਰਤਾ ਨਾਲ ਵਿਚਾਰ ਕਰਨਗੇ ਤੇ ਇਸ ਪ੍ਰਵਰਤੀ ਵਿਚ ਪਏ ਵਿਗਾੜਾਂ ਦੇ ਸੁਧਾਰ ਲਈ ਚੇਤਨਾ ਪੈਦਾ ਕਰਨਗੇ।

## ਧੰਨਵਾਦ


**ਲੇਖਕ: ਜਸਬੀਰ ਸਿੰਘ**

**Ph. : (0172-2696891), 09988160484**



**Radheshyam Choudhary**
**Type Setting**
**98149-66882**